ਅਮਰੀਕਾ ਦਾ ਸਿਖਿਆ ਵਿਭਾਗ
ਸਿਵਲ ਹੱਕਾਂ ਬਾਰੇ ਦਫ਼ਤਰ

---

# ਉਚ-ਕੁਆਲਿਟੀ ਦੀ ਸਿਖਿਆ ਲਈ ਬਰਾਬਰ ਦੀ ਪਹੁੰਚ ਨੂੰ ਯਕੀਨੀ ਬਣਾਉਣਾ

U.S. Department of Education
Office for Civil Rights
Washington, DC 20202-1100

**ਸਤੰਬਰ 2004 ਵਿਚ ਸੋਧਿਆ ਗਿਆ**

## ਸਿਵਲ ਹੱਕਾਂ ਸਬੰਧੀ ਕਾਨੂੰਨਾਂ ਦਾ ਪ੍ਰਭਾਵ

ਫ਼ੈਡਰਲ ਸਿਵਲ ਹੱਕਾਂ ਸਬੰਧੀ ਕਾਨੂੰਨ ਨੂੰ ਲਾਗੂ ਕੀਤੇ ਜਾਣ ਨਾਲ ਅਮਰੀਕੀ ਵਿਦਿਆ ਵਿਚ ਜ਼ਬਰਦਸਤ ਤਬਦੀਲੀਆਂ ਲਿਆਉਣ ਵਿਚ ਮਦਦ ਮਿਲੀ ਹੈ ਅਤੇ ਲੱਖਾਂ ਵਿਦਿਆਰਥੀਆਂ ਦੇ ਵਿਦਿਅਕ ਮੌਕਿਆਂ ਵਿਚ ਬਿਹਤਰੀ ਹੋਈ ਹੈ। ਕਈ ਅੜਿਕੇ, ਜਿਹੜੇ ਕਦੀ ਵਿਅਕਤੀਆਂ ਨੂੰ ਉਹਨਾਂ ਵਿਦਿਅਕ ਮੌਕਿਆਂ ਅਤੇ ਕੈਰੀਅਰਾਂ, ਜਿਹਨਾਂ ਨੂੰ ਉਹ ਚੁਣਨਾ ਚਾਹੁੰਦੇ ਸਨ, ਦੀ ਸੁਤੰਤਰ ਚੋਣ ਤੋਂ ਰੋਕਦੇ ਸਨ, ਘਟਾ ਦਿਤੇ ਗਏ ਹਨ। ਕਈ ਸਕੂਲਾਂ ਦੇ ਪ੍ਰਬੰਧ ਹੁਣ ਉਹਨਾਂ ਵਿਦਿਆਰਥੀਆਂ ਲਈ, ਜੋ ਆਪਣੇ ਵਿਦਿਅਕ ਪ੍ਰੋਗਰਾਮ ਵਿਚ ਅਸਰਦਾਰ ਤਰੀਕੇ ਨਾਲ ਸ਼ਮੂਲੀਅਤ ਲਈ ਅੰਗ੍ਰੇਜ਼ੀ ਵਿਚ ਮਾਹਿਰ ਨਹੀਂ ਹਨ, ਇਸ ਗੱਲ ਨੂੰ ਸੰਭਵ ਬਣਾ ਰਹੇ ਹਨ। ਅਪੰਗਤਾ ਵਾਲੇ ਕਈ ਹੋਰ ਵਿਦਿਆਰਥੀ ਪੂਰਣ ਸਹਾਇਤਾ ਅਤੇ ਸੇਵਾਵਾਂ ਦੇ ਪ੍ਰਬੰਧ ਨਾਲ, ਹੁਣ ਬਾਕਾਇਦਾ ਵਿਦਿਅਕ ਕਲਾਸਾਂ ਵਿਚ ਸ਼ਾਮਿਲ ਹੋ ਸਕਦੇ ਹਨ।

ਇਸਤੋਂ ਇਲਾਵਾ ਕੋਈ ਬੱਚਾ ਪਿੱਛੇ ਨਾ ਰਹਿ ਜਾਏ ਸਬੰਧੀ ਕਾਨੂੰਨ, 2001 [No Child Left Behind Act] (NCLB), ਅਜਿਹਾ ਕਾਨੂੰਨ ਹੈ, ਜੋ ਫ਼ੈਡਰਲ ਵਿਦਿਅਕ ਪ੍ਰੋਗਰਾਮਾਂ ਵਿਚ ਵਿਆਪਕ ਸੁਧਾਰ ਕਰਦਾ ਹੈ, ਵਿਭਾਗ ਦੇ ਵਿਦਿਆ ਲਈ ਬਰਾਬਰੀ ਵਾਲੀ ਪਹੁੰਚ ਯਕੀਨੀ ਬਣਾਉਣ ਦੇ ਮਿਸ਼ਨ ਨੂੰ ਉਤਸਾਹਿਤ ਕਰਦਾ ਹੈ ਅਤੇ ਦੇਸ਼ ਭਰ ਵਿਚ ਵਿਦਿਅਕ ਪ੍ਰਵੀਣਤਾ ਨੂੰ ਉਤਸਾਹਿਤ ਕਰਦਾ ਹੈ। NCLB ਕਾਨੂੰਨ ਵਿਚ ਇਹ ਯਕੀਨੀ ਬਣਾਉਣ ਦੀਆਂ ਵਿਸ਼ੇਸ਼ ਧਾਰਾਵਾਂ ਹਨ ਕਿ ਸਾਰੇ ਬੱਚਿਆਂ ਨੂੰ, ਜਾਤ, ਨਸਲ, ਲਿੰਗ ਅਪੰਗਤਾ ਜਾਂ ਸਮਾਜਕ ਆਰਥਕ ਦਰਜੇ ਨੂੰ ਧਿਆਨ ਵਿਚ ਲਿਆਂਦੇ ਬਿਨਾਂ, ਉਚ ਕੁਆਲਿਟੀ ਵਾਲੀ ਵਿਦਿਆ ਲਈ ਪਹੁੰਚ ਹੋਏਗੀ।

ਸਿਵਲ ਹੱਕਾਂ ਸਬੰਧੀ ਕਾਨੂੰਨਾਂ ਨੇ ਸਾਡੇ ਸਕੂਲਾਂ, ਕਲਾਸਰੂਮਾਂ, ਆੱਡੀਟੋਰੀਅਮਾਂ, ਖੇਡ ਦੇ ਮੈਦਾਨ ਅਤੇ ਖੇਤਰਾਂ ਦੇ ਦਰਵਾਜ਼ੇ ਖੋਲ੍ਹ ਦਿਤੇ ਹਨ। ਪ੍ਰਤੀਕਰਮ ਵਿਚ ਅੱਜ ਦੇ ਅਮਰੀਕਾ ਦੀ ਨੁਮਾਇੰਦਗੀ ਕਰਨ ਵਾਲੇ ਵੱਖ ਵੱਖ ਪਿਛੋਕੜਾਂ ਵਾਲੇ ਲੋਕ, ਇਹਨਾਂ ਦਰਵਾਜ਼ਿਆਂ ਰਾਹੀਂ ਲੰਘ ਕੇ ਵਪਾਰ, ਸਰਕਾਰ, ਵਿਗਿਆਨ, ਕਲਾਵਾਂ ਅਤੇ ਵਿਦਿਆ ਵਿਚ ਸਾਡੇ ਭਵਿੱਖ ਦੇ ਨੇਤਾ ਬਣਾਉਣ ਜਾ ਰਹੇ ਹਨ। ਸਿਵਲ ਹੱਕਾਂ ਸਬੰਧੀ ਕਾਨੂੰਨ, NCLB ਕਾਨੂੰਨ ਨਾਲ ਮਿਲ ਕੇ ਯਕੀਨੀ ਬਣਾਏਗਾ ਕਿ ਇਹ ਦਰਵਾਜ਼ੇ ਸਾਰਿਆਂ ਲਈ ਖੁਲ੍ਹੇ ਰਹਿਣ।

## ਸਿਵਲ ਹੱਕਾਂ ਬਾਰੇ ਦਫ਼ਤਰ ਦੀਆਂ ਜ਼ਿੰਮੇਵਾਰੀਆਂ

ਸਿਵਲ ਹੱਕਾਂ ਬਾਰੇ ਦਫ਼ਤਰ (The Office for Civil Rights) (OCR), ਸਿਖਿਆ (ਵਿਭਾਗ) ਬਾਰੇ ਅਮਰੀਕੀ ਵਿਭਾਗ ਵਿਚ ਕਾਨੂੰਨ ਲਾਗੂ ਕਰਨ ਵਾਲੀ ਇੱਕ ਏਜੰਸੀ ਹੈ, ਜਿਸ ਨੂੰ ਇਹ ਯਕੀਨੀ ਬਣਾਉਣ ਲਈ ਕਿ ਫ਼ੈਡਰਲ ਮਾਲੀ ਸਹਾਇਤਾ ਲੈ ਰਹੀਆਂ ਵਿਦਿਅਕ ਸੰਸਥਾਵਾਂ ਪੱਖਪਾਤੀ ਵਿਹਾਰ ਵਿਚ ਨਾ ਰੁਝਣ, ਫ਼ੈਡਰਲ ਕਾਨੂੰਨਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਦਿਤੀ ਗਈ ਹੈ। OCR ਸਿਵਲ ਹੱਕਾਂ ਬਾਰੇ ਉਹਨਾਂ ਫੈਡਰਲ ਕਾਨੂੰਨਾਂ ਨੂੰ ਲਾਗੂ ਕਰਦਾ ਹੈ, ਜੋ ਉਹਨਾਂ ਪ੍ਰੋਗਰਾਮਾਂ ਜਾਂ ਕਾਰਵਾਈਆਂ, ਜਿਹਨਾਂ ਨੂੰ ਵਿਭਾਗ ਤੋਂ ਫ਼ੈਡਰਲ ਮਾਲੀ ਸਹਾਇਤਾ ਮਿਲਦੀ

ਹੈ, ਵਿਚ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਅਪੰਗਤਾ ਅਤੇ ਉਮਰ ਦੇ ਅਧਾਰ 'ਤੇ ਪੱਖਪਾਤ ਦੀ ਮਨਾਹੀ ਹੋਵੇ। ਸਿਵਲ ਹੱਕਾਂ ਸਬੰਧੀ ਕਾਨੂੰਨ ਵਿਦਿਅਕ ਪ੍ਰੋਗਰਾਮਾਂ ਜਾਂ ਕਾਰਵਾਈਆਂ ਵਿਚ ਪੱਖਪਾਤ ਨੂੰ ਖ਼ਤਮ ਕਰਨ ਦੀ ਰਾਸ਼ਟਰੀ ਵਚਨਬੱਧਤਾ ਦਾ ਪ੍ਰਗਟਾਵਾ ਕਰਦਾ ਹੈ। ਇਹ ਕਾਨੂੰਨ ਹਨ:

- ❖ ਸਿਵਲ ਹੱਕਾਂ ਸਬੰਧੀ ਕਾਨੂੰਨ 1964 (Civil Rights Act of 1964) ਦਾ ਟਾਈਟਲ VI (ਨਸਲ, ਰੰਗ, ਅਤੇ ਰਾਸ਼ਟਰੀ ਮੂਲ ਦੇ ਪੱਖਪਾਤ ਦੀ ਮਨਾਹੀ ਕਰਦਾ ਹੈ);

- ❖ 1972 ਦੀਆਂ ਵਿਦਿਅਕ ਤਰਮੀਮਾਂ (Education Amendments of 1972) ਦਾ ਟਾਈਟਲ IX (ਲਿੰਗ ਪੱਖਪਾਤ ਦੀ ਮਨਾਹੀ ਕਰਦਾ ਹੈ);

- ❖ ਮੁੜਵਸੇਬਾ ਕਾਨੂੰਨ 1973 (Rehabilitation Act of 1973) ਦੀ ਧਾਰਾ 504 (ਅਪੰਗਤਾ ਸਬੰਧੀ ਪੱਖਪਾਤ ਦੀ ਮਨਾਹੀ ਕਰਦਾ ਹੈ);

- ❖ ਉਮਰ ਸਬੰਧੀ ਪੱਖਪਾਤ ਬਾਰੇ ਕਾਨੂੰਨ 1975 (Age Discrimination Act of 1975) (ਉਮਰ ਸਬੰਧੀ ਪੱਖਪਾਤ ਦੀ ਮਨਾਹੀ ਕਰਦਾ ਹੈ) ; ਅਤੇ

- ❖ ਅਪੰਗ ਅਮਰੀਕੀਆਂ ਬਾਰੇ ਕਾਨੂੰਨ 1990 (Americans with Disabilities Act of 1990) ਦਾ ਟਾਈਟਲ II (ਸਰਕਾਰੀ ਜ਼ਿਲ੍ਹਾ ਸਕੂਲ, ਸਰਕਾਰੀ ਕਾਲਿਜ ਅਤੇ ਯੂਨੀਵਰਸਿਟੀਆਂ, ਸਰਕਾਰੀ ਕਿੱਤਾਮੁਖੀ ਸਕੂਲ ਅਤੇ ਪਬਲਿਕ ਲਾਇਬ੍ਰੇਰੀਆਂ ਸਮੇਤ ਸਰਕਾਰੀ ਸੰਸਥਾਵਾਂ, ਭਾਵੇਂ ਉਹ ਫ਼ੈਡਰਲ ਮਾਲੀ ਸਹਾਇਤਾ ਪ੍ਰਾਪਤ ਕਰ ਰਹੀਆਂ ਹਨ ਜਾਂ ਨਹੀਂ, ਵਲੋਂ ਅਪੰਗਤਾ ਸਬੰਧੀ ਪੱਖਪਾਤ ਦੀ ਮਨਾਹੀ ਕਰਦਾ ਹੈ।

ਇਸ ਤੋਂ ਇਲਾਵਾ OCR, ਕੋਈ ਬੱਚਾ ਪਿਛੇ ਨਾ ਰਹਿ ਜਾਏ ਸਬੰਧੀ ਕਾਨੂੰਨ 2001 ਦੇ ਹਿੱਸੇ, ਅਮਰੀਕਾ ਦੇ ਬੁਆਇ ਸਕਾਊਟਸ ਲਈ ਬਰਾਬਰੀ ਪਹੁੰਚ ਸਬੰਧੀ ਕਾਨੂੰਨ (Boy Scouts of America Equal Access Act) ਨੂੰ ਵੀ ਲਾਗੂ ਕਰਦਾ ਹੈ। ਅਮਰੀਕਾ ਦੇ ਬੁਆਇ ਸਕਾਊਟਸ ਲਈ ਬਰਾਬਰੀ ਪਹੁੰਚ ਸਬੰਧੀ ਕਾਨੂੰਨ ਹੇਠ, ਕਿਸੇ ਵੀ ਪਬਲਿਕ ਐਲੀਮੈਂਟਰੀ ਸਕੂਲ, ਪਬਲਿਕ ਸੈਕੰਡਰੀ ਸਕੂਲ ਜਾਂ ਰਾਜ ਜਾਂ ਸਥਾਨਕ ਸਿਖਿਆ ਏਜੰਸੀ, ਜੋ ਸਕੂਲ ਤੋਂ ਬਾਹਰ ਦੇ ਇੱਕ ਜਾਂ ਵਧੇਰੇ ਨੌਜਵਾਨ ਜਾਂ ਭਾਈਚਾਰਕ ਸਮੂਹਾਂ ਨੂੰ ਸਕੂਲ ਦੇ ਸਮੇਂ ਵਿਚ ਜਾਂ ਇਸਤੋਂ ਮਗਰੋਂ, ਸਕੂਲ ਦੇ ਅੰਦਰ ਜਾਂ ਸਕੂਲ ਦੀਆਂ ਸਹੂਲਤਾਂ 'ਤੇ ਮੀਟਿੰਗ ਕਰਨ ਦਾ ਮੌਕਾ ਦਿੰਦੀ ਹੈ, ਬੁਆਇ ਸਕਾਊਟਸ ਆੱਫ਼ ਅਮਰੀਕਾ ਨਾਲ ਰਸਮੀ ਤੌਰ 'ਤੇ ਜੁੜੇ ਕਿਸੇ ਸਮੂਹ ਜਾਂ ਯੂਨਾਇਟਿਡ ਸਟੇਟਸ ਕੋਡ (United States Code) ਦੇ ਟਾਇਟਲ 36 ਵਿਚ ਇੱਕ ਦੇਸ਼ਭਗਤ ਸੁਸਾਇਟੀ ਵਜੋਂ ਸੂਚੀਬੱਧ ਵਿਰੁਧ ਪੱਖਪਾਤ ਜਾਂ ਮੀਟਿੰਗ ਲਈ ਬਰਾਬਰੀ ਵਾਲੀ ਪਹੁੰਚ ਜਾਂ ਇੱਕ ਨਿਰਪੱਖ ਮੌਕੇ ਲਈ ਨਾਂਹ ਨਹੀਂ ਕਰਨੀ ਚਾਹੀਦੀ ਹੈ।

OCR ਦੀਆਂ ਜ਼ਿਆਦਾਤਰ ਸਰਗਰਮੀਆਂ ਦੇਸ਼ ਭਰ ਵਿਚ ਲਾਗੂ ਕਰਨ ਸਬੰਧੀ ਦਫ਼ਤਰਾਂ ਵਿਚ ਹੁੰਦੀਆਂ ਹਨ। ਵਾਸ਼ਿੰਗਟਨ ਡੀਸੀ ਵਿਚ ਸਿਵਲ ਹੱਕਾਂ ਬਾਰੇ ਸਹਾਇਕ ਸਕੱਤਰ ਦਾ

ਦਫ਼ਤਰ ਸਮੁਚੀ ਲੀਡਰਸ਼ਿਪ ਅਤੇ ਮਿਲਵਰਤਣ ਮੁਹੱਈਆ ਕਰਦਾ ਹੈ।

## ਵਿਦਿਅਕ ਸੰਸਥਾਵਾਂ 'ਤੇ ਲਾਗੂ ਹੋਣ ਵਾਲੇ ਕਾਨੂੰਨ

ਸਿਵਲ ਹੱਕਾਂ ਸਬੰਧੀ ਕਾਨੂੰਨ ਦੇਸ਼ ਵਿਚ ਜ਼ਿਆਦਾਤਰ ਵਿਦਿਅਕ ਸੰਸਥਾਵਾਂ 'ਤੇ ਲਾਗੂ ਹਨ, ਕਿਉਂਕਿ ਜ਼ਿਆਦਾਤਰ ਵਿਦਿਅਕ ਸੰਸਥਾਵਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਫ਼ੈਡਰਲ ਮਾਲੀ ਸਹਾਇਤਾ ਮਿਲਦੀ ਹੈ। ਇਸਦਾ ਅਰਥ ਹੈ ਕਿ ਸਿਵਲ ਹੱਕ ਕਾਨੂੰਨ ਦੇ ਘੇਰੇ ਹੇਠ ਆਉਂਦੇ ਹਨ:

- ਲਗਭਗ 15,000 ਜ਼ਿਲ੍ਹਾ ਸਕੂਲ ;
- 4,100 ਤੋਂ ਵੱਧ ਕਾਲਿਜ ਅਤੇ ਯੂਨੀਵਰਸਿਟੀਆਂ ;
- ਲਗਭਗ 5,000 ਸੰਸਥਾਵਾਂ, ਜੋ ਸਹਾਇਕ ਡਿਗਰੀ ਪੱਧਰ ਤੋਂ ਹੇਠਾਂ ਦੇ ਸਰਟੀਫ਼ਿਕੇਟ ਦਿੰਦੀਆਂ ਹਨ, ਜਿਵੇਂ ਕਿ ਟ੍ਰੱਕ ਡ੍ਰਾਈਵਰਾਂ ਲਈ ਸਿਖਲਾਈ ਸਕੂਲ ਅਤੇ ਸ਼ਿੰਗਾਰ ਸਬੰਧੀ ਸਕੂਲ ; ਅਤੇ
- ਹਜ਼ਾਰਾਂ ਹੋਰ ਸੰਸਥਾਵਾਂ, ਜਿਵੇਂ ਕਿ ਲਾਇਬ੍ਰੇਰੀਆਂ, ਅਜਾਇਬਘਰਾਂ, ਕਿੱਤਾਮੁਖੀ ਮੁੜਵਸੇਬਾ ਏਜੰਸੀਆਂ ਅਤੇ ਸੁਧਾਰ ਸਬੰਧੀ ਸਹੂਲਤਾਂ।

## ਵਿਦਿਆਰਥੀਆਂ ਅਤੇ ਮੁਲਾਜ਼ਮਾਂ 'ਤੇ ਲਾਗੂ ਹੋਣ ਵਾਲੇ ਕਾਨੂੰਨ

ਸਿਵਲ ਹੱਕਾਂ ਸਬੰਧੀ ਕਾਨੂੰਨ ਵੱਡੀ ਗਿਣਤੀ ਵਿਚ ਉਹਨਾਂ ਵਿਦਿਆਰਥੀਆਂ ਦੀ ਰਾਖੀ ਕਰਦਾ ਹੈ, ਜੋ ਸਾਡੀਆਂ ਵਿਦਿਅਕ ਸੰਸਥਾਵਾਂ ਵਿਚ ਦਾਖ਼ਲ ਹਨ ਜਾਂ ਦਾਖ਼ਲੇ ਲਈ ਅਰਜ਼ੀ ਦੇ ਰਹੇ ਹਨ:

- ਲਗਭਗ 54.3 ਮਿਲੀਅਨ ਵਿਦਿਆਰਥੀ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਵਿਚ ਜਾ ਰਹੇ ਹਨ; ਅਤੇ
- ਲਗਭਗ 16.4 ਮਿਲੀਅਨ ਵਿਦਿਆਰਥੀ, ਜੋ ਸਾਡੇ ਕਾਲਿਜਾਂ ਅਤੇ ਯੂਨੀਵਰਸਿਟੀਆਂ ਵਿਚ ਦਾਖ਼ਲ ਹਨ।

ਕੁਝ ਸਥਿਤੀਆਂ ਵਿਚ, ਇਹ ਕਾਨੂੰਨ, ਉਹਨਾਂ ਵਿਅਕਤੀਆਂ ਦੀ ਰਾਖੀ ਵੀ ਕਰਦਾ ਹੈ, ਜੋ ਵਿਦਿਅਕ ਸੰਸਥਾਵਾਂ ਵਿਚ ਮੁਲਾਜ਼ਮ ਹਨ, ਜਾਂ ਨੌਕਰੀ ਲੱਭ ਰਹੇ ਹਨ।

## OCR ਨੂੰ ਆਮ ਜਨਤਾ ਤੋਂ ਪੱਖਪਾਤ ਸਬੰਧੀ ਸ਼ਿਕਾਇਤਾਂ ਮਿਲਦੀਆਂ ਹਨ

ਇੱਕ ਮਹੱਤਵਪੂਰਣ ਤਰੀਕਾ, ਜਿਸ ਨਾਲ OCR ਵਿਦਿਆਰਥੀਆਂ, ਮਾਤਾ-ਪਿਤਾ ਅਤੇ ਹੋਰਨਾਂ ਵਲੋਂ ਦਰਜ ਸ਼ਿਕਾਇਤਾਂ ਨੂੰ ਹੱਲ ਕਰਨ ਦੀ ਆਪਣੀ ਜ਼ਿੰਮੇਵਾਰੀ ਪੂਰੀ ਕਰਦਾ ਹੈ। ਸ਼ਿਕਾਇਤ ਦਰਜ ਕਰਨ ਵਾਲੇ ਵਿਅਕਤੀ ਜਾਂ ਸੰਸਥਾ ਨੂੰ ਕਥਿਤ ਪੱਖਪਾਤ ਦਾ ਸ਼ਿਕਾਰ ਹੋਣ ਦੀ ਲੋੜ ਨਹੀਂ ਹੈ, ਪਰ ਉਹ ਕਿਸੇ ਹੋਰ ਵਿਅਕਤੀਆਂ ਜਾਂ ਸਮੂਹ ਵਲੋਂ ਸ਼ਿਕਾਇਤ ਕਰ ਸਕਦੇ ਹਨ। ਆਮ ਤੌਰ 'ਤੇ OCR ਉਹਨਾਂ ਸ਼ਿਕਾਇਤਾਂ 'ਤੇ ਹੀ ਕਾਰਵਾਈ ਕਰੇਗਾ, ਜਿਹੜੀਆਂ ਕਥਿਤ ਪੱਖਪਾਤ ਦੀ ਆਖ਼ਰੀ ਕਾਰਵਾਈ ਦੇ 180 ਕੈਲੰਡਰ ਦਿਨਾਂ ਅੰਦਰ ਦਾਖ਼ਲ ਕੀਤੀਆਂ ਗਈਆਂ ਹਨ ਜਾਂ ਜਿਥੇ ਸ਼ਿਕਾਇਤ ਵਿਚ ਕਥਿਤ ਤੌਰ 'ਤੇ ਪੱਖਪਾਤ ਦੀ ਜਾਰੀ ਨੀਤੀ ਜਾਂ ਵਿਹਾਰ ਦੀ ਸ਼ਿਕਾਇਤ ਕੀਤੀ ਗਈ ਹੈ।

OCR ਨੂੰ ਹਰ ਸਾਲ ਲਗਭਗ 5,000 ਸ਼ਿਕਾਇਤਾਂ ਮਿਲਦੀਆਂ ਹਨ। ਇਹਨਾਂ ਸ਼ਿਕਾਇਤਾਂ ਵਿਚ ਉਚ-ਕੁਆਲਿਟੀ ਵਿਦਿਆ ਲਈ ਬਰਾਬਰੀ ਦੀ ਪਹੁੰਚ 'ਤੇ ਅਸਰ ਪਾਉਣ ਵਾਲੇ ਅਤਿ ਮਹੱਤਵਪੂਰਣ ਮੁੱਦਿਆਂ ਵਿਚੋਂ ਕੁਝ ਸ਼ਾਮਿਲ ਹਨਃ

ਟਾਈਟਲ VI ਹੇਠ — ਨਸਲ, ਰੰਗ, ਰਾਸ਼ਟਰੀ ਮੂਲ, ਪੱਖਪਾਤ — ਸ਼ਿਕਾਇਤਾਂ ਵਿਚ ਅਜਿਹੇ ਮੁੱਦੇ ਸ਼ਾਮਿਲ ਹਨ, ਜਿਵੇਂ ਕਿ :

- ਸਮਰੱਥਾ ਸਮੂਹੀਕਰਣ ਸਮੇਤ ਨਸਲੀ ਜਾਂ ਜਾਤੀ ਵਰਗੀਕਰਣ ਦੀ ਵਰਤੋਂ ;
- ਅੰਗਰੇਜ਼ੀ-ਭਾਸ਼ਾ-ਸਿਖਿਆਰਥੀਆਂ ਵਲੋਂ ਬਦਲਵੀਂ-ਭਾਸ਼ਾ ਸੇਵਾਵਾਂ ਤੱਕ ਪਹੁੰਚ ;
- ਅਨੁਸ਼ਾਸਨੀ ਤਰੀਕੇ ;
- ਵਿਦਿਆਰਥੀਆਂ ਦੀਆਂ ਘਰ ਦਾ ਕੰਮ ਕਰਨ ਸਬੰਧੀ ਨੀਤੀਆਂ, ਜਿਹਨਾਂ ਵਿਚ ਹੁਸ਼ਿਆਰ ਅਤੇ ਲਿਆਕਤ ਵਾਲੇ ਬੱਚਿਆਂ ਨੂੰ ਘਰ ਦਾ ਕੰਮ ਦੇਣ ਸਬੰਧੀ ਪ੍ਰੋਗਰਾਮ ਸ਼ਾਮਿਲ ਹੈ ;
- ਜ਼ਿਲ੍ਹਿਆਂ ਵਿਚਕਾਰ ਵਿਦਿਆਰਥੀਆਂ ਦੇ ਤਬਾਦਲੇ ;
- ਸਕੂਲਾਂ ਵਿਚ ਰੰਗ-ਭੇਦ ਖ਼ਤਮ ਕਰਨਾ ;
- ਨਸਲੀ ਤੌਰ 'ਤੇ ਤੰਗ ਪਰੇਸ਼ਾਨ ਕਰਨਾ ;
- ਕਾਲਿਜ ਕੈਂਪਸਾਂ ਵਿਚ ਰਹਿ ਰਹੇ ਵਿਦਿਆਰਥੀ; ਅਤੇ
- ਅਕਾਦਮਿਕ ਗ੍ਰੇਡਿੰਗ।

ਹਨ, ਜਿਵੇਂ ਕਿ :

- ❖ ਜਿਸਮਾਨੀ ਤੌਰ 'ਤੇ ਤੰਗ ਪਰੇਸ਼ਾਨ ਕਰਨਾ;
- ❖ ਅੰਤਰ-ਸਕੂਲੀ ਅਤੇ ਅੰਤਰ-ਕਾਲਿਜੀ ਐਥਲੈਟਿਕਸ ਖੇਡਾਂ ਵਿਚ ਬਰਾਬਰੀ ਦੇ ਮੌਕੇ;
- ❖ ਉਹਨਾਂ ਵਿਦਿਆਰਥਣਾਂ ਦਾ ਇਲਾਜ, ਜੋ ਗਰਭਵਤੀ ਹਨ; ਅਤੇ
- ❖ ਸੈਕੰਡਰੀ ਸਿਖਿਆ ਤੋਂ ਬਾਅਦ ਦੀਆਂ ਸੰਸਥਾਵਾਂ ਵਿਚ ਦਾਖ਼ਲਾ।

ਸੈਕਸ਼ਨ 504 ਅਤੇ ਟਾਈਟਲ II ਤਹਿਤ — ਅਪੰਗਤਾ ਪੱਖਪਾਤ — ਸ਼ਿਕਾਇਤਾਂ ਵਿਚ ਅਜਿਹੇ ਮੁੱਦੇ ਸ਼ਾਮਿਲ ਹਨ, ਜਿਵੇਂ ਕਿ :

- ❖ ਸਕੂਲ ਸਹੂਲਤਾਂ ਅਤੇ ਪ੍ਰੋਗਰਾਮਾਂ ਤੱਕ ਪਹੁੰਚ ;
- ❖ ਉਚਿਤ ਵਿਸ਼ੇਸ਼ ਵਿਦਿਅਕ ਸੇਵਾਵਾਂ ;
- ❖ ਉਹਨਾਂ ਵਿਦਿਆਰਥੀਆਂ, ਜਿਹਨਾਂ ਨੂੰ ਵਿਸ਼ੇਸ਼ ਵਿਦਿਅਕ ਸੇਵਾਵਾਂ ਦੀ ਲੋੜ ਹੋ ਸਕਦੀ ਹੈ, ਦਾ ਮੁੱਲਾਂਕਣ ਅਤੇ ਨਿਯੁਕਤੀ ;
- ❖ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਵਿਦਿਅਕ ਲੋੜਾਂ ਅਨੁਸਾਰ ਘੱਟ ਤੋਂ ਘੱਟ ਅੜਿਕਿਆਂ ਵਾਲੇ ਮਾਹੌਲ ਵਿਚ ਪੜ੍ਹਾਉਣਾ ;
- ❖ ਅਪੰਗਤਾਵਾਂ ਵਾਲੇ ਵਿਦਿਆਰਥੀਆਂ ਦੀ ਮੁਅਤਲੀ ਅਤੇ ਬਾਹਰ ਕੱਢਣਾ ;
- ❖ ਅਕਾਦਮਿਕ ਸਮਝੌਤੇ ਅਤੇ ਤਰਮੀਮਾਂ; ਅਤੇ
- ❖ ਵਿਕਾਰ ਵਾਲੀਆਂ ਇੰਦਰੀਆਵੀ, ਮਨੁੱਖੀ ਜਾਂ ਬੋਲਣ ਦੀਆਂ ਮੁਹਾਰਤਾਂ ਵਾਲੇ ਵਿਦਿਆਰਥੀਆਂ ਲਈ ਸਹਾਇਕ ਉਪਕਰਣ।

## OCR ਸ਼ਿਕਾਇਤਾਂ ਕਿਵੇਂ ਹੱਲ ਕਰਦਾ ਹੈ

OCR ਦਾ ਸ਼ਿਕਾਇਤਾਂ ਹੱਲ ਕਰਨ ਵਿਚ ਮੁੱਖ ਉਦੇਸ਼, ਸ਼ਿਕਾਇਤਕਰਤਾ ਦੇ ਪੱਖਪਾਤ ਦੇ ਇਲਜ਼ਾਮਾਂ ਨੂੰ ਤੇਜ਼ੀ, ਨਿਰਪੱਖਤਾ ਅਤੇ ਸਹੀ ਢੰਗ ਨਾਲ ਹੱਲ ਕਰਨਾ ਹੈ। OCR ਨੂੰ ਪਤਾ ਲਗਿਆ ਹੈ ਕਿ ਸਮਸਿਆਵਾਂ ਨੂੰ ਹੱਲ ਕਰਨ ਦਾ ਬਿਹਤਰ ਤਰੀਕਾ ਵਿਦਿਆਰਥੀਆਂ, ਮਾਤਾ-ਪਿਤਾ, ਭਾਈਚਾਰਕ ਸਮੂਹਾਂ, ਰਾਜ ਅਤੇ ਸਥਾਨਕ ਵਿਦਿਅਕ ਏਜੰਸੀਆਂ, ਸਕੂਲਾਂ ਅਤੇ ਕਾਲਿਜਾਂ ਵਿਚਕਾਰ ਇੱਕ ਮਿਲਵਰਤਣ ਵਾਲਾ ਦ੍ਰਿਸ਼ਟੀਕੋਣ ਹੈ।

OCR ਸ਼ਿਕਾਇਤਾਂ ਨੂੰ ਹੱਲ ਕਰਨ ਲਈ, ਸ਼ਿਕਾਇਤਾਂ ਦੇ ਸ਼ੁਰੂਆਤੀ ਹੱਲ ਤੋਂ ਲੈਕੇ ਪੜਤਾਲ ਕਰਨ ਤੱਕ ਅਤੇ ਸਵੈ-ਇੱਛਾ ਨਾਲ ਪਾਲਣਾ ਕਰਨ ਲਈ ਪ੍ਰਾਪਤਕਰਤਾਵਾਂ ਨਾਲ ਸਮਝੌਤੇ ਨਾਲ ਕਈ ਤਰੀਕਿਆਂ ਦੀ ਵਰਤੋਂ ਕਰਦਾ ਹੈ।

ਸਿਰਫ਼ OCR ਵਲੋਂ ਇਹ ਨਿਸ਼ਚਿਤ ਕੀਤੇ ਜਾਣ ਮਗਰੋਂ ਹੀ ਕਿ ਪਾਲਣਾ ਸਵੈ-ਇੱਛਾ ਨਾਲ ਨਹੀਂ ਕਰਵਾਈ ਜਾ ਸਕਦੀ, ਦਾ ਅਰਥ ਹੈ ਕਿ OCR ਪ੍ਰਸ਼ਾਸਨਿਕ ਸੁਣਵਾਈ ਦੇ ਅਮਲ ਰਾਹੀਂ ਪਾਲਣਾ ਕਰਨੀ ਚਾਹੁੰਦਾ ਹੈ ਜਾਂ ਮਾਮਲਿਆਂ ਨੂੰ ਨਿਆਂ ਬਾਰੇ ਅਮਰੀਕੀ ਵਿਭਾਗ ਕੋਲ ਭੇਜਦਾ ਹੈ। ਇਹ ਲਚੀਲਾ ਤਰੀਕਾ, OCR ਨੂੰ ਕਰਨ ਦਿੰਦਾ ਹੈ :

- ਸ਼ਿਕਾਇਤ ਦੇ ਅਮਲ ਦੀ ਸ਼ੁਰੂਆਤ ਵਿਚ ਹੀ, ਸਮੇਂ ਸਿਰ ਅਤੇ ਅਸਰਦਾਰ ਦਖ਼ਲ ;
- ਪੱਖਪਾਤ ਵਿਰੋਧੀ ਕਾਨੂੰਨਾਂ ਨਾਲ ਪਾਲਣਾ ਹਾਸਿਲ ਕਰਨ 'ਤੇ ਧਿਆਨ; ਅਤੇ
- ਸ਼ਿਕਾਇਤਾਂ ਦੇ ਹੱਲ ਲਈ ਵਿਦਿਆਰਥੀਆਂ, ਮਾਤਾ-ਪਿਤਾ ਅਤੇ ਸਕੂਲ ਅਫ਼ਸਰਾਂ ਨੂੰ ਕੇਂਦਰ ਬਣਾਉਣਾ।

## OCR ਪਾਲਣਾ ਜਾਇਜ਼ੇ ਕਰਦਾ ਹੈ

ਏਜੰਸੀ ਵਲੋਂ ਸ਼ੁਰੂ ਕੀਤੇ ਗਏ ਮਾਮਲਿਆਂ, ਜਿਹਨਾਂ ਨੂੰ ਆਮਤੌਰ 'ਤੇ ''ਪਾਲਣਾ ਜਾਇਜ਼ੇ'' ਕਿਹਾ ਜਾਂਦਾ ਹੈ, OCR ਨੂੰ ਉਹਨਾਂ ਪਾਲਣਾ ਸਬੰਧੀ ਸਮੱਸਿਆਵਾਂ ਬਾਰੇ ਵਸੀਲਿਆਂ ਨੂੰ ਨਿਸ਼ਾਨਾ ਬਣਾਉਣ ਦਿੰਦਾ ਹੈ, ਜੋ ਖ਼ਾਸ ਤੌਰ 'ਤੇ ਗੰਭੀਰ, ਵਿਸ਼ਾਲਤਾ ਵਜੋਂ ਰਾਸ਼ਟਰੀ ਜਾਪਦੇ ਹਨ, ਜਾਂ ਜੋ ਹੁਣੇ-ਹੁਣੇ ਸਾਹਮਣੇ ਆ ਰਹੇ ਹਨ।

ਟੀਚੇ ਵਾਲੇ ਪਾਲਣਾ ਜਾਇਜ਼ੇ OCR ਦੇ ਵਸੀਲਿਆਂ ਦੇ ਅਸਰ ਨੂੰ ਵੱਧ ਤੋਂ ਵੱਧ ਕਰਦੇ ਹਨ ਅਤੇ ਲਾਗੂ ਕਰਨ ਦੇ ਪ੍ਰੋਗਰਾਮ ਨੂੰ ਸੰਤੁਲਿਤ ਬਣਾਉਂਦੇ ਹਨ। ਪਾਲਣਾ ਜਾਇਜ਼ੇ ਯਕੀਨੀ ਬਣਾਉਂਦੇ ਹਨ ਕਿ ਸੰਵੇਦਨਸ਼ੀਲ ਸਮੂਹ, ਜਿਵੇਂ ਕਿ ਬਹੁਤ ਗ਼ਰੀਬ ਜਾਂ ਅੰਗ੍ਰੇਜ਼ੀ ਨਾ ਬੋਲਣ ਵਾਲੇ ਵਿਅਕਤੀ, ਜਿਹਨਾਂ ਨੂੰ ਕਾਨੂੰਨਾਂ ਦੀ ਘੱਟ ਚੇਤਨਤਾ ਹੋ ਸਕਦੀ ਹੈ, ਆਪਣੇ ਸਿਵਲ ਹੱਕਾਂ ਦੀ ਰਾਖੀ ਕਰ ਸਕਣ। OCR ਦਾ ਅਨੁਭਵ ਇਹ ਵੀ ਦੱਸਦਾ ਹੈ ਕਿ ਪਾਲਣਾ ਜਾਇਜ਼ਿਆਂ ਨੂੰ ਧਿਆਨ ਨਾਲ ਨਿਸ਼ਾਨਾ ਬਣਾਉਣ ਨਾਲ ਲਗਭਗ ਹਮੇਸ਼ਾ ਪ੍ਰਾਪਤ ਕਰਨ ਵਾਲੇ ਵਲੋਂ ਨੀਤੀ ਜਾਂ ਪ੍ਰੋਗਰਾਮ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ, ਜਿਹਨਾਂ ਨਾਲ ਵਿਦਿਆਰਥੀਆਂ ਦੀ ਵੱਡੀ ਗਿਣਤੀ ਨੂੰ ਲਾਭ ਪਹੁੰਚਦਾ ਹੈ — ਸ਼ਿਕਾਇਤਾਂ ਵਾਂਗ ਨਹੀਂ, ਜਿਥੇ ਕਿ ਹੱਲ ਦਾ ਫ਼ਾਇਦਾ ਸਿਰਫ਼ ਸ਼ਿਕਾਇਤ ਕਰਨ ਵਾਲੀ ਧਿਰ ਨੂੰ ਹੁੰਦਾ ਹੈ।

OCR ਪਾਲਣਾ ਜਾਇਜ਼ਿਆਂ ਦੀ ਚੋਣ ਇੱਕ ਤਰ੍ਹਾਂ ਨਾਲ ਸਰਵੇ ਅੰਕੜਿਆਂ ਅਤੇ ਸ਼ਿਕਾਇਤਕਰਤਾ, ਵਿਦਿਅਕ ਸਮੂਹਾਂ, ਮੀਡੀਆ ਅਤੇ ਆਮ ਜਨਤਾ ਵਲੋਂ ਮੁਹੱਈਆ ਕੀਤੀ ਗਈ ਜਾਣਕਾਰੀ ਸਮੇਤ ਜਾਣਕਾਰੀ ਦੇ ਵੱਖ ਵੱਖ ਸ੍ਰੋਤਾਂ ਦੇ ਅਧਾਰ 'ਤੇ ਕਰਦਾ ਹੈ। OCR ਨੇ ਅਜਿਹੇ ਮੁੱਦਿਆਂ 'ਤੇ ਪਾਲਣਾ ਜਾਇਜ਼ੇ ਕੀਤੇ ਹਨ, ਜਿਵੇਂ ਕਿ :

- ਵਿਸ਼ੇਸ਼ ਵਿਦਿਆ ਵਾਲੇ ਅਤੇ ਘੱਟ ਮਿਹਨਤ ਵਾਲੇ ਕੋਰਸਾਂ ਵਿਚ ਘੱਟ ਗਿਣਤੀ ਨਾਲ ਸਬੰਧਿਤ ਵਿਦਿਆਰਥੀ ;
- ਅੰਗ੍ਰੇਜ਼ੀ ਭਾਸ਼ਾ ਸਿਖਿਆਰਥੀਆਂ ਨੂੰ ਸਕੂਲ ਜ਼ਿਲ੍ਹਾ ਵਿਦਿਅਕ ਪ੍ਰੋਗਰਾਮਾਂ ਤੋਂ ਲਾਭ ਲੈਣ ਲਈ ਬਦਲਵੀਂ - ਭਾਸ਼ਾ - ਸੇਵਾਵਾਂ ਲਈ ਪਹੁੰਚ ;
- ਅਪੰਗਤਾ ਵਾਲੇ ਵਿਦਿਆਰਥੀਆਂ ਲਈ ਮੁਫ਼ਤ ਉਚਿਤ ਸਰਕਾਰੀ ਵਿਦਿਆ ;
- ਘੱਟ ਗਿਣਤੀਆਂ ਵਾਲੇ ਵਿਦਿਆਰਥੀਆਂ ਨੂੰ ਹੁਸ਼ਿਆਰ ਅਤੇ ਲਿਆਕਤ ਵਾਲੇ ਅਤੇ ਹੋਰਨਾ ਅਤਿ-ਆਧੁਨਿਕ ਪਲੇਸਮੈਂਟ ਕੋਰਸਾਂ ਲਈ ਪਹੁੰਚ ;
- ਨਸਲੀ ਤੌਰ 'ਤੇ ਤੰਗ ਪਰੇਸ਼ਾਨ ਕਰਨਾ ;
- ਲਿੰਗਿਕ ਵੈਰ-ਭਾਵ ਵਾਲੇ ਮਾਹੌਲ; ਅਤੇ
- ਉਚੇਰੀ ਵਿਦਿਆ ਵਿਚ ਅਤੇ ਮੁਢਲੇ ਅਤੇ ਸੈਕੰਡਰੀ ਵਿਦਿਅਕ ਸਿਲਸਿਲਿਆਂ ਵਿਚ ਨਸਲੀ ਵਿਤਕਰੇ ਨੂੰ ਖ਼ਤਮ ਕਰਨਾ।

OCR ਮੰਨਦਾ ਹੈ ਕਿ ਫ਼ੈਡਰਲ ਰਾਜ ਅਤੇ ਸਥਾਨਕ ਵਿਦਿਅਕ ਏਜੰਸੀਆਂ ਅਤੇ ਨਾਲ ਹੀ ਮਾਤਾ-ਪਿਤਾ ਅਤੇ ਦਿਲਚਸਪੀ ਲੈਣ ਵਾਲੀਆਂ ਹੋਰ ਧਿਰਾਂ ਦਾ ਵਿਦਿਅਕ ਫ਼ਾਇਦਿਆਂ ਲਈ ਬਰਾਬਰੀ ਦੇ ਮੌਕੇ ਅਤੇ ਪਹੁੰਚ ਮੁਹੱਈਆ ਕਰਨ ਦਾ ਇੱਕ ਸਾਂਝਾ ਟੀਚਾ ਹੈ। OCR ਵਿਦਿਅਕ ਤੌਰ 'ਤੇ ਠੋਸ ਹੱਲਾਂ, ਜਿਹਨਾਂ ਨਾਲ ਕਿ ਸਾਰੇ ਵਿਦਿਆਰਥੀਆਂ ਲਈ ਵਿਦਿਅਕ ਮੌਕਿਆ 'ਚ ਵਾਧਾ ਹੁੰਦਾ ਹੈ, ਸਮੇਤ ਅਸਰਦਾਰ ਹੱਲ 'ਤੇ ਪਹੁੰਚਣ ਲਈ ਆਪਣੀ ਮੁਹਾਰਤ ਨੂੰ ਇਹਨਾਂ ਭਾਈਵਾਲਾਂ ਅਤੇ ਹਿੱਸੇਦਾਰਾਂ ਦੀ ਮੁਹਾਰਤ ਨਾਲ ਜੋੜਦਾ ਹੈ।

**OCR ਦੀ ਤਕਨੀਕੀ ਸਹਾਇਤਾ ਲੋਕਾਂ ਅਤੇ ਸੰਸਥਾਵਾਂ ਦੀ ਮਦਦ ਕਰਦੀ ਹੈ**

OCR ਦੀਆਂ ਤਕਨੀਕੀ ਸਹਾਇਤਾ ਕੋਸ਼ਿਸ਼ਾਂ ਦਾ ਉਦੇਸ਼ ਸਿਵਲ ਹੱਕਾਂ ਸਬੰਧੀ ਕਾਨੂੰਨਾਂ ਦੀਆਂ ਉਲੰਘਣਾਵਾਂ ਨੂੰ ਰੋਕਣਾ ਹੈ। ਇਹ ਸੇਵਾ ਪ੍ਰਾਪਤ ਕਰਨ ਵਾਲਿਆਂ ਨੂੰ ਆਪਣੇ ਹੱਕਾਂ ਦੀ ਸੋਝੀ ਕਰਵਾ ਕੇ ਹਾਸਿਲ ਕੀਤਾ ਜਾ ਸਕਦਾ ਹੈ। ਸਿਵਲ ਹੱਕਾਂ ਸਬੰਧੀ ਕਾਨੂੰਨਾਂ ਰਾਹੀਂ ਲੱਖਾਂ ਵਿਦਿਆਰਥੀਆਂ ਦੀ ਰਾਖੀ ਦੇ ਮੱਦੇਨਜ਼ਰ, OCR ਜਾਣਦਾ ਹੈ ਕਿ ਵਿਦਿਆ ਵਿਚ ਗੈਰਕਾਨੂੰਨੀ

ਪੱਖਪਾਤ ਨੂੰ ਰੋਕਣ ਲਈ ਸਿਰਫ਼ ਉਸ ਦੀਆਂ ਕੋਸ਼ਿਸ਼ਾਂ ਨਾਕਾਫ਼ੀ ਹਨ। ਵਿਦਿਆਰਥੀਆਂ, ਮਾਤਾ-ਪਿਤਾ ਅਤੇ ਸਿਖਿਆ ਦੇਣ ਵਾਲਿਆਂ ਨੂੰ ਸਭ ਤੋਂ ਪਹਿਲਾਂ ਗ਼ੈਰਕਾਨੂੰਨੀ ਪੱਖਪਾਤ ਨੂੰ ਹੋਣ ਦੇਣ ਤੋਂ ਰੋਕਣ ਲਈ ਜਾਣਕਾਰੀ ਅਤੇ ਮੁਹਾਰਤਾਂ ਲਾਜ਼ਮੀ ਹਨ।

OCR ਸੰਸਥਾਵਾਂ ਨੂੰ ਸ਼ਿਕਾਇਤ ਹੱਲ ਕਰਨ ਦੇ ਅਮਲ ਦੌਰਾਨ ਜਾਂ ਇੱਕ ਪਾਲਣਾ ਜਾਇਜ਼ੇ ਦੌਰਾਨ ਪਾਲਣਾ ਕਰਨ ਦੇ ਯੋਗ ਬਣਾਉਣ ਲਈ ਸਹਾਇਤਾ ਦਿੰਦਾ ਹੈ। ਇਸਤੋਂ ਇਲਾਵਾ OCR ਮੌਕੇ ਵਾਲੀ ਥਾਂ 'ਤੇ ਸਲਾਹ ਮਸ਼ਵਰੇ, ਸਿਖਲਾਈ ਕਲਾਸਾਂ, ਵਰਕਸ਼ਾਪਾਂ, ਮੀਟਿੰਗਾਂ ਅਤੇ ਕਾਨਫ਼ਰੰਸਾਂ ਵਿਚ ਸ਼ਮੂਲੀਅਤ ਸਮੇਤ ਕਈ ਤਰ੍ਹਾਂ ਦੇ ਤਰੀਕਿਆਂ ਰਾਹੀਂ ਤਕਨੀਕੀ ਸਹਾਇਤਾ ਪਹੁੰਚਣ ਸਬੰਧੀ ਕੰਟਰੋਲ ਵਾਲਾ ਇੱਕ ਵਿਆਪਕ ਪ੍ਰੋਗਰਾਮ ਕਰਦਾ ਹੈ। OCR ਹੋਰਨਾ ਫ਼ੈਡਰਲ ਏਜੰਸੀਆਂ, ਰਾਜ ਅਤੇ ਸਥਾਨਕ ਵਿਦਿਅਕ ਏਜੰਸੀਆਂ, ਭਾਈਚਾਰਕ ਸਮੂਹਾਂ, ਮਾਤਾ-ਪਿਤਾ ਵਿਦਿਆਰਥੀਆਂ ਅਤੇ ਆਮ ਲੋਕਾਂ ਤੋਂ ਪੁੱਛ ਪੜਤਾਲਾਂ ਅਤੇ ਬੇਨਤੀਆਂ ਪ੍ਰਤੀ ਵੀ ਹੁੰਗਾਰਾ ਦਿੰਦਾ ਹੈ।

OCR ਦੇ ਕਈ ਦਫ਼ਤਰਾਂ ਨੇ ਸਾਡੇ ਭਾਈਵਾਲਾਂ, ਹਿੱਸੇਦਾਰਾਂ ਅਤੇ ਆਮ ਜਨਤਾ ਦੇ ਮੈਂਬਰਾਂ ਲਈ ਵਧੇਰੇ ਜਵਾਬਦੇਹ ਹੋਣ ਲਈ ਗਾਹਕ ਸੇਵਾ ਟੀਚਾ ਵਿਕਸਤ ਕੀਤਾ ਹੈ। OCR ਨੇ ਇੱਕ ਹੋਮਪੇਜ http://www.ed.gov/ocr ਕਾਇਮ ਕੀਤਾ, ਜੋ ਕਿ ਵਿਭਾਗ ਦੀ ਵੈਬਸਾਈਟ ਨਾਲ ਵੀ ਜੁੜਿਆ ਹੋਇਆ ਹੈ।

## ਭਵਿੱਖ ਦੀਆਂ ਵੰਗਾਰਾਂ

ਅਸੀਂ ਜਦ ਕਿ ਸਿਵਲ ਹੱਕਾਂ ਸਬੰਧੀ ਕਾਨੂੰਨਾਂ ਨੂੰ ਲਾਗੂ ਕਰਕੇ ਕੀਤੀ ਗਈ ਪ੍ਰਗਤੀ ਦੀ ਸ਼ਨਾਖ਼ਤ ਕਰਦੇ ਹਾਂ, ਪਰ ਦੇਸ਼ ਵਿਚ ਕੁਝ ਲੋਕਾਂ ਨੂੰ ਗ਼ੈਰਕਾਨੂੰਨੀ ਤੌਰ 'ਤੇ ਪੂਰੇ ਵਿਦਿਅਕ ਮੌਕਿਆਂ ਤੋਂ ਵਾਂਝਾ ਰੱਖਿਆ ਜਾਂਦਾ ਹੈ। ਉਹ ਨੀਤੀਆਂ ਅਤੇ ਵਿਹਾਰ, ਜੋ ਵਾਂਝਿਆਂ ਰੱਖਦੇ ਹਨ, ਅਪੰਗਤਾਵਾਂ ਵਾਲੇ ਵਿਅਕਤੀਆਂ, ਇਸਤਰੀਆਂ, ਬਜ਼ੁਰਗ ਅਮਰੀਕੀਆਂ ਅਤੇ ਨਸਲੀ ਅਤੇ ਭਾਸ਼ਾਈ ਘੱਟ-ਗਿਣਤੀਆਂ ਲਈ ਕੋਰਸਾਂ ਅਤੇ ਪ੍ਰੋਗਰਾਮਾਂ ਨੂੰ ਵੰਗਾਰਦੀਆਂ ਹਨ, ਹਾਲੀਂ ਵੀ ਹੋਂਦ ਵਿਚ ਹਨ। ਸਿਵਲ ਹੱਕਾਂ ਦੀ ਪਾਲਣਾ ਬਾਰੇ ਪ੍ਰੋਗਰਾਮ, ਸਾਰੇ ਵਿਦਿਆਰਥੀਆਂ ਲਈ ਬਰਾਬਰੀ ਦੀ ਪਹੁੰਚ, ਵਿਦਿਅਕ ਮੁਹਾਰਤ ਅਤੇ ਉਚੇਰੇ ਮਿਆਰਾਂ ਦੇ ਟੀਚਿਆਂ ਲਈ ਵਚਨਬੱਧਤਾ ਇੱਕ ਅਜਿਹੀ ਪੂੰਜੀਕਾਰੀ ਹੈ, ਜਿਸਨੂੰ, ਜੇ ਅਸੀਂ ਅਮਰੀਕਾ ਦੇ ਭਵਿੱਖ ਨੂੰ ਸੁਰਖਿਅਤ ਕਰਨਾ ਹੈ, ਤਾਂ ਸਾਨੂੰ ਜ਼ਰੂਰ ਕਰਨੀ ਚਾਹੀਦੀ ਹੈ।

## OCR ਨਾਲ ਸੰਪਰਕ ਕਰਨਾ

OCR ਦੇ ਰਾਸ਼ਟਰੀ ਮੁੱਖ ਦਫ਼ਤਰ ਵਿਚ ਗਾਹਕ ਸੇਵਾ ਟੀਮ OCR ਦੀ ਹਾੱਟਲਾਈਨ ਦਾ ਜਵਾਬ ਦਿੰਦਾ ਹੈ। ਫ਼ੋਨ ਕਰਨ ਵਾਲੇ ਕਈ ਤਰ੍ਹਾਂ ਦੇ ਉਹਨਾਂ ਮੁੱਦਿਆਂ, ਜਿਹਨਾਂ ਦਾ ਸਬੰਧ ਫ਼ੈਡਰਲ ਸਿਵਲ ਹੱਕਾਂ ਸਬੰਧੀ ਕਾਨੂੰਨਾਂ ਅਤੇ OCR ਦੀਆਂ ਨੀਤੀਆਂ ਅਤੇ ਸੇਧਾਂ ਦੀ ਜਾਣਕਾਰੀ ਲਈ ਅਤੇ OCR ਦੇ ਲਾਗੂ ਕਰਨ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਹਾੱਟਲਾਈਨ ਦੀ ਵਰਤੋਂ ਕਰਦੇ ਹਨ।

ਜੇ ਤੁਸੀਂ ਉਹਨਾਂ ਕਾਨੂੰਨਾਂ, ਜਿਹਨਾਂ ਨੂੰ ਸਿਵਲ ਹੱਕਾਂ ਬਾਰੇ ਦਫ਼ਤਰ ਵਲੋਂ ਲਾਗੂ ਕੀਤਾ ਜਾਂਦਾ ਹੈ, ਬਾਰੇ ਵਧੇਰੇ ਜਾਣਕਾਰੀ ਲੈਣਾ ਚਾਹੁੰਦੇ ਹੋ, ਸਿਵਲ ਹੱਕਾਂ ਸਬੰਧੀ ਸ਼ਿਕਾਇਤ ਕਿਵੇਂ ਦਰਜ ਕੀਤੀ ਜਾਏ ਜਾਂ ਤਕਨੀਕੀ ਸਹਾਇਤਾ ਕਿਵੇਂ ਲਓ ਬਾਰੇ ਜਾਣਕਾਰੀ ਚਾਹੁੰਦੇ ਹੋ, ਤਾਂ ਤੁਸੀਂ ਲਾਗੂ ਕਰਨ ਵਾਲੇ ਦਫ਼ਤਰ, ਜੋ ਤੁਹਾਡੇ ਰਾਜ ਜਾਂ ਅਮਰੀਕੀ ਇਲਾਕੇ ਵਿਚ ਕੰਮ ਕਰਦਾ ਹੋਵੇ, ਨਾਲ ਸੰਪਰਕ ਕਰ ਸਕਦੇ ਹੋ। ਲਾਗੂ ਕਰਨ ਸਬੰਧੀ ਦਫ਼ਤਰਾਂ ਨੂੰ http://www.ed.gov/ocr/contactus.html ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ:

**OCR ਹਾੱਟਲਾਈਨ :** 1-800-421-3481;TDD: 877-521-2172

**ਈ-ਮੇਲ :** OCR@ed.gov

**ਵੈਬ :** http://www.ed.gov/ocr